# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੁਹੱਲਾ ਜਗਤਪੁਰਾ ਵਿਖੇ 8 ਲੱਖ ਰੁਪਏ ਦੀ ਲਾਗਤ ਨਾਲ 2 ਜਿੰਮ ਰੂਮ ਅਤੇ 19 ਲੱਖ ਰੁਪਏ ਦੀ ਲਾਗਤ ਨਾਲ ਇੰਨਟਰਲਾਕਿੰਗ ਟਾਈਲਾਂ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 24 ਦਸੰਬਰ ਨਗਰ ਨਿਗਮ ਦੇ ਵਾਰਡ ਨੰ: 33 ਦੇ ਮੁਹੱਲਾ ਜਗਤਪੁਰਾ ਵਿਖੇ ਨੌਜਵਾਨ ਲੜਕੇ ਅਤੇ ਲੜਕੀਆਂ ਲਈ 8 ਲੱਖ ਰੁਪਏ ਦੀ ਲਾਗਤ ਨਾਲ 2 ਜਿੰਮ ਰੂਮ ਬਣਾਉਣ ਦੇ ਕੰਮ ਦੀ ਸ਼ੁਰੂਆਤ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਮੁਹੱਲੇ ਦੇ ਬਜੁਰਗ ਰਜਿੰਦਰ ਵਾਲੀਆ ਤੋਂ ਰੀਬਨ ਕੱਟਵਾ ਕੇ ਕੀਤੀ। ਇਸ ਮੌਕੇ ਤੇ ਉਹਨਾਂ ਨੇ 19 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੀਆਂ ਇੰਨਟਰਲਾਕਿੰਗ ਟਾਈਲਾਂ ਦੇ ਕੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਹਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਗਏ ਸੰਗਤ ਦੌਰਾਨ ਮੁਹੱਲਾ ਵਾਸੀਆਂ ਵੱਲੋਂ ਕੌਂਸਲਰ ਕਵਿਤਾ ਪਰਮਾਰ ਦੀ ਅਗਵਾਹੀ ਵਿੱਚ ਇਸ ਵਾਰਡ ਲਈ ਜਿੰਮ ਦਾ ਸਮਾਨ ਅਤੇ ਨੌਜਵਾਨਾ ਅਤੇ ਲੜਕੀਆਂ ਲਈ 2 ਜਿੰਮ ਰੂਮ ਬਣਾਉਣ ਦੀ ਮੰਗ ਕੀਤੀ ਸੀ। ਜਿਮ ਦਾ ਸਮਾਨ ਇਸ ਮੁਹੱਲੇ ਦੇ ਕਲੱਬ ਨੂੰ ਪਹਿਲਾਂ ਹੀ ਦੇ ਦਿੱਤਾ ਗਿਆ ਹੈ। ਅੱਜ ਨੌਜਵਾਨਾ ਅਤੇ ਲੜਕੀਆਂ ਲਈ ਵੱਖਰੇ-ਵੱਖਰੇ ਜਿਮ ਰੂਮ ਦੇ ਕੰਮ ਦੀ ਸੁਰੂਆਤ ਕੀਤੀ ਜਾ ਰਹੀ ਹੈ, ਜਿਸ ਦੇ ਬਨਣ ਨਾਲ ਇਸ ਵਾਰਡ ਦੇ ਨੌਜਵਾਨਾਂ ਅਤੇ ਲੜਕੀਆਂ ਨੂੰ ਆਪਣੀ ਸੇਹਤ ਸੰਭਾਲ ਰੱਖਣ ਲਈ ਜਿਮ ਵਿੱਚ ਆ ਕੇ ਕਸਰਤ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਦੱਸ਼ਿਆ ਕਿ ਇਸ ਵਾਰਡ ਦੀਆਂ ਗਲੀਆਂ ਇੰਨਟਲਾਕਿੰਗ ਟਾਈਲਾਂ ਲਗਾ ਕੇ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਜ਼ੋ ਜਲਦੀ ਹੀ ਮੁਕੱਮਲ ਕਰ ਲਿਆ ਜਾਵੇਗਾ।

ਹੋਰਨਾ ਤੋਂ ਇਲਾਵਾ ਇਸ ਮੌਕੇ ਤੇ ਵਿਨੋਦ ਪਰਮਾਰ, ਵਿਵੇਕ ਗੁਪਤਾ, ਰਵਿੰਦਰ ਚੌਧਰੀ, ਜਗਮੋਹਨ ਸ਼ਰਮਾ, ਧੀਰਜ ਸੈਣੀ, ਅਮਿਤ ਖੁੱਲਰ, ਸੁਰਜੀਤ ਸੈਣੀ, ਰਾਕੇਸ਼ ਮਿੰਟਾ, ਪ੍ਰੋ: ਮੋਹਨ ਸਿੰਘ, ਬਖਸ਼ੀਸ਼ ਸਿੰਘ, ਅਮਰੀਕ ਸਿੰਘ, ਬੰਟੀ ਸੈਣੀ, ਮਹਿੰਦਰ ਪਾਲ, ਮੁੰਨਾ ਠਾਕੁਰ, ਸਚਿਨ ਪਾਲ, ਦੀਪਕ ਸ਼ਰਮਾ, ਇੰਦਰ ਮੋਹਨ, ਅਸ਼ਵਨੀ ਸ਼ਰਮਾ, ਮਨੂੰ ਗੁਪਤਾ ਵੀ ਹਾਜਰ ਸਨ।